## ਜੂਨ ਚੌਰਾਸੀ ਦੇ ਸ਼ਹੀਦਾਂ ਦੀ 26ਵੀਂ ਬਰਸੀ ਤੇ- ਗੁਰਸਿਖ ਕਾਫਲਾ

# ਅੱਜ ਤੋਂ ਇਹ ਹੀ ਹੈ ਸਿਖ ਸਰੂਪ ਜੋ ਗੁਰਸਿਖ ਹੋ ਸਕਦਾ

ਹੁਣ ਤੱਕ ਕੋਈ ਅੰਮ੍ਰਿਤਧਾਰੀ, ਜਿਸ ਗੁਰੂ ਅੱਗੇ ਉਨੀ ਇੱਕੀ ਦੇ ਫਰਕ ਅੱਖਰਾਂ, ਪਰ ਅਰਥ ਇਕੋ, ਗੁਰੂ ਅੱਗੇ ਇਹ ਪ੍ਰਣ ਅਰਦਾਸ ਕਰ ਲੀਤੀ ਹੈ ਜਿਸ ਨੇ ਉਸ ਦੇ ਜਾਣੇ ਅਣਜਾਣੇ ਹੁਣ ਤੱਕ ਦੇ ਗੁਰੂ ਨੂੰ ਨਾ ਭਾਏ ਸਾਰੇ ਕਰਮਾਂ ਦੇ ਹਿਸਾਬ ਨੂੰ ਖਤਮ ਕਰਨਾਂ ਹੈ ਅਤੇ ਪੂਰੇ ਗੁਰੂ ਦੇ ਪੂਰੇ ਹੁਕਮਾਂ ਨੂੰ ਮੰਨਣ ਵਾਲੇ ਗੁਰੂ ਦੇ ਪੂਰੇ ਸਿਖ ਦੀ, ਗੁਰੂ ਨਾਲ ਪੂਰੀ ਪ੍ਰੀਤ ਦੀ ਕਲਿਜੁਗਿ ਵਿਚ ਨਵੀਂ ਸ਼ੁਰੂਆਤ ਕਰਨੀ ਹੈ:

ਕਹਤ ਨਾਨਕੁ ਮਾਰਿ ਜੀਵਾਲੇ ਸੋਇ ॥ ਐਸਾ ਬੂਝਹੁ ਭਰਮਿ ਨ ਭੂਲਹੁ ਕੋਇ ॥ (ਪੰਨਾ 1128)

ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਵ ਗੁਰਬਾਣੀ ਵਿਚ ਦਰਜ ਸਮੂਹ ਕਰਨ ਅਤੇ ਤਿਆਗਣ ਗੁਰੂ ਹੁਕਮਾਂ ਨੂੰ ਅਸਾਂ ਸੱਭ ਸਿਖਾਂ ਨੇ ਮੰਨਣਾਂ ਹੀ ਸਾਡੇ ਲਈ ਸਿਖ ਦੀ ਪ੍ਰੀਭਾਸ਼ਾ, ਪਹਿਚਾਣ ਅਤੇ ਰਹਿਤ ਮਰਯਾਦਾ ਹੈ।

ਜਿਵੇਂ ਗੁਰਬਾਣੀ ਵਿਚ ਦਰਜ ਸਮੂਹ ਹੁਕਮਾਂ ਵਿਚੋਂ ਦੋ, ਇਕ ਕੇਸਾਧਾਰੀ ਦਸਤਾਰਧਰਾ ਅਤੇ ਦੂਜਾ ਅੰਮ੍ਰਿਤ ਦਾਤ ਦਾ ਭਾਗੀ ਹੋਏ ਬਿਨਾਂ ਕੋਈ ਗੁਰੂ ਦਾ ਸਿਖ, ਹੋ ਨਹੀਂ ਸਕਦਾ ਇਵੇਂ ਹੀ ਇਹ ਦੋ ਹੁੰਦਿਆਂ, ਬਾਕੀ ਗੁਰੂ ਹੁਕਮਾਂ ਵਿਚੋਂ, ਜਾਣੇ ਇਕ ਨੂੰ ਵੀ ਠੁਕਰਾਉਣ ਵਾਲਾ ਕੋਈ, ਗੁਰੂ ਦਾ ਸਿਖ ਰਹਿ ਨਹੀਂ ਸਕਦਾ।

ਗੁਰੂ ਗੁਰਬਾਣੀ ਦੇ ਸਮੂਹ ਹੁਕਮਾਂ ਨੂੰ ਮੰਨ ਕੇ ਚੱਲਣਾਂ ਅਸਾਂ ਲਈ ਅੱਜ ਸਿਖ ਦੀ ਪ੍ਰੀਭਾਸ਼ਾ ਅਤੇ ਮਰਯਾਦਾ ਹੈ। ਜਿਨਾਂ ਲਈ ਅੱਜ ਤੋਂ ਇਹ ਪ੍ਰਣ ਅਰਦਾਸ ਕੀਤੀ ਹੋਣ ਵਾਲਾ ਹੀ ਉਨਾਂ ਦਾ ਗੁਰਸਿਖ ਗੁਰਭਾਈ ਹੈ।

ਜਿਨਾਂ ਦਾ ਅੱਜ ਮੁੱਖ ਕਰਮ ਨਿਸ਼ਾਨ-ਸਤਿਗੁਰ ਸੇਵਾ ਆਪਣੇ ਪਵਿਤ੍ਰ ਸਰਬ ਉਤਮ ਗੁਰਧਾਮਾਂ ਦੀ ਸਿਖ ਸਰੂਪ ਵਿਚ ਬਿਪਰਨ ਔਲਾਦ ਤੋਂ ਅਤੇ ਇਨਾਂ ਦੇ ਬਾਪ ਦਾਦੇ ਬਿਪਰਨ ਦਿੱਲੀ ਤਖਤ ਤੋਂ ਖਾਲਸਾ ਪੰਥ ਨੂੰ ਆਜਾਦ ਕਰਵਾਕੇ ਅਮਲੀ ਰੂਪ ਵਿਚ ਆਪਣੇ ਆਪਨੂੰ, ਆਪਣੇ ਪੰਥ ਨੂੰ ਸਿੱਧਾ ਆਪਣੇ ਇਕੋ ਇਕ ਸਿਰਜਣਹਾਰ ਅਕਾਲ ਪੁਰਖ ਦੇ ਹੀ ਅਧੀਨ ਕਰ ਲੈਣ ਲਈ ਅਡੋਲ ਨਿੱਤਰੇ ਹੋਣਾਂ ਹੈ।

ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥ (ਪੰਨਾ 795)

ਜਿਨਾਂ ਲਈ ਸੰਗਤ- ਪ੍ਰਭ ਦੇ ਮੇਲ ਲਈ ਗੁਰਸਿਖ ਸੰਤ, ਭਗਤ ਖਾਲਸੇ ਤੋਂ ਕਦੇ ਪੁੱਛ ਚੁੱਕੇ ਮਾਰਗ ਇਨਸਾਨ। ਜਿਨਾਂ ਲਈ ਸਿਖੀ ਮਾਰਗ, ਸਤਿਗੁਰ ਤੋਂ ਸੱਭ ਕੁਝ ਵਾਰਨਾਂ।

ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥
ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥ (ਪੰਨਾ 41)
ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥
ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ॥ (ਪੰਨਾ 1365)

ਜਿਨਾਂ ਲਈ ਇਕੋ ਇਕ ਮਾਤਾ ਪਿਤਾ ਨਿਰਆਕਾਰ ਸਰਬ ਸ਼ਕਤੀਮਾਨ ਸੱਭ ਸਮਰੱਥ ਅਕਾਲ ਪੁਰਖ ਅਤੇ ਸੰਸਾਰ ਉਤੇ ਇਕੋ ਇਕ ਇਸ ਅਕਾਲ ਪੁਰਖ ਦਾ ਤਖਤ ਸ੍ਰੀ ਅਕਾਲ ਤਕਤ ਸਾਹਿਬ ਜੀ। ਜਿਥੇ ਅੱਜ ਦਰਵਾਜਾ ਪਾਰ ਕਰਕੇ ਆ ਸਕਣ ਵਾਲਾ, ਪਹਿਲੋਂ ਸ੍ਰੀ ਹਹਿਮੰਦਰ ਸਾਹਿਬ ਪ੍ਰਣ ਅਰਦਾਸ ਦੁਆਰਾ ਨਵੀਂ ਸ਼ੁਰੂਆਤ ਕਰਕੇ ਆਇਆ ਹੀ ਸ਼ਬਦ ਗੁਰੂ ਜੀ ਵਲੋਂ ਅਧਿਕਾਰੀ ਕੀਤਾ ਹੋਇਆ ਹੈ। ਜਿਨਾਂ ਲਈ ਜੂਨ 1984 ਤੋਂ ਪਿਆਰੇ ਸ਼ਹੀਦਾਂ ਦੁਆਰਾ ਖਾਲਸੇ ਦੇ ਆਜਾਦ ਦੇਸ਼ ਦੀ ਧਰੀ ਨੀਂਹ ਉਤੇ ਖਾਲਸੇ ਦੇ ਦੇਸ਼ ਦੀ ਉਸਾਰੀ ਦਾ ਜਾਰੀ ਹੁਕਮਨਾਮਾਂ - ਅਮਿਟ ਅਦਿਸ **ਸ਼ਬਦ** ਆਵਾਜ ਹੀ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਹਨ। ਜਿਨਾਂ ਲਈ ਜੂਨ 1984 ਮਗਰੋਂ ਹੁਣ ਤੱਕ ਇਕੋ ਹੀ ਭੌਤਕ ਸਰੀਰ ਜਥੇਦਾਰ ਭਾਈ ਸਹਿਬਾਨ ਸ਼ਹੀਦ ਗੁਰਦੇਵ ਸਿੰਘ ਕਾਉਂਕੇ ਜੀ ਹੋਏ ਹਨ। ਜਿਨਾਂ ਲਈ ਭਵਿਖ ਵਿਚ ਸ੍ਰੀ ਅਕਾਲ ਤਖਤ ਸਾਹਿਬ ਜੀ ਉਤੇ ਭੌਤਕ ਸਰੀਰ ਜਥੇਦਾਰ, ਖਾਲਸੇ ਦੇ ਦੇਸ਼ ਦੀ ਉਸਾਰੀ ਦੇ ਜਾਰੀ ਹੁਕਮਨਾਮੇ ਦੀ ਅਮਿਟ ਅਦਿਸ **ਸ਼ਬਦ** ਆਵਾਜ ਹੋਇਆ ਹੀ ਹੋ ਸਕਦਾ ਹੈ।

ਜਿਨਾਂ ਗੁਰੂ ਬਖਸ਼ਿਸ਼ ਨਵੀਂ ਸ਼ੁਰੂਆਤ- ਗੁਰੂ ਦੇ ਮੁੜ ਜੀਵਾਏ ਗੁਰਸਿਖ ਹੋ, ਆਪਣੇ ਪਵਿਤ੍ਰ ਦਰਵੇਸ਼ ਸਿਖ ਸਰੂਪ ਨੂੰ ਬਾਕੀ ਸੰਸਾਰ ਦੇ ਹਰ ਆਪਣੇ ਆਪਨੂੰ ਗੁਰੂ ਨਾਲ ਜੋੜਦੇ ਸਿਖ ਸਰੂਪ ਤੋਂ ਨਖੇੜ ਲਿਆ ਹੈ ਜੋ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਮੱਤਾਂ ਦੇਣ ਆਏ ਅਤੇ ਵਦਾਵੇ ਲਿਖ ਦੇ ਗਏ ਅਤੇ ਗੁਰੂ ਵਲੋਂ ਇਹ ਹੁਕਮ ਸਲਾਹ **"ਕਿਰਪਾ ਕਰੋ ਤੇ ਆਪਣੇ ਘਰਾਂ ਨੂੰ ਮੁੜ ਜਾਓ"** -ਸੁਣ ਕੇ ਗਏ ਹੋਏ ਸਿਖ ਸਰੂਪ ਅਤੇ ਪਹਾੜੀ ਰਾਜਿਆਂ ਦੀ ਮਿਲਭੋਗੀ ਅੱਜ ਔਲਾਦ ਹੈ। ਜਿਨਾਂ ਦੇ ਕਲੀ ਦਿੱਲੀ ਤਖਤ ਨੂੰ ਬਿਪਰਨ ਦੇ ਹੀ ਆਪਣੇ ਜੋਗੀਆਂ ਵਲੋਂ **ਜੰਮ ਮਾਰਗ ਪੰਥ** ਤੋਰਨ ਵਾਲਾ ਆਪਣਾਂ ਨਿਆਰਾ ਪੰਥ ਕੀਤਾ ਹੋਇਆ ਹੈ:

ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ। ਵਾਰ ੧-ਪਾਉੜੀ ੩੧-੨ ਵਾਰਾਂ ਭਾਈ ਗੁਰਦਾਸ ਜੀ।

ਇਥੇ ਆਇਆ **ਐਸਾ ਜੋਗੀ** ਹਰਫ ਤ੍ਰਿਕੁਟੀ ਵਿਚੋਂ ਕਮਜਾਤ ਕਲੀ ਦੇ ਅਗਾਂਹ ਹੋਣ ਵਾਲੇ ਗੁਲਾਮ ਖਸਮ ਲਈ ਆਇਆ ਹੈ। ਇਥੇ ਇਹ **ਐਸਾ ਜੋਗੀ** ਸਤਿਗੁਰ ਨੂੰ ਐਲਾਨਣਾਂ, ਬਿਪਰਨ ਸ਼ੈਤਾਨ ਔਲਾਦ ਦਾ ਪੜਿਆ ਹੋਇਆ ਅਗਧ ਹੈ।

ਜੋ **ਜੰਮ ਮਾਰਗ ਪੰਥ** ਗੁਰੂ ਦੇ ਅਸਲ ਸਿਖ ਨੂੰ ਖਤਮ ਕਰਕੇ, ਆਪਣੀ ਬਾਂਦਰ ਔਲਾਦ ਨੂੰ ਸਿਖ ਐਲਾਨ ਕੇ ਉਸ ਉਤੇ ਆਪਣਾ ਹੁਕਮ ਅਤੇ ਰਜਾ ਵਰਤਾ ਰਿਹਾ ਹੈ। ਜਿਨਾਂ ਹੰਕਾਰੀਆਂ ਸਾਕਤਾਂ ਮਮੰਦਾਂ ਦੁਸ਼ਟ ਅਕਿਤ੍ਘਣਾਂ ਅਤੇ ਇਨਾਂ ਮਗਰ ਤੁਰਿਆਂ ਨੂੰ ਗੁਰੂ ਵਲੋਂ ਇਕੋ ਹੀ ਵਾਰ ਨਾਲ ਸੱਭੇ ਮਾਰੇ ਅਤੇ ਜੰਮ ਪੰਥ ਮਾਰਗ ਤੁਰੇ, ਅਮਿਟ ਸੱਚ ਐਲਾਨਿਆਂ ਹੋਇਆ ਹੈ।

ਸਤਿਗੁਰ ਅਗਮ ਅਗਾਧਿ ਪੁਰਖੁ ਕਿਹੜਾ ਝਲੇ ਗੁਰੂ ਦੀ ਝਾਲਾ। ਵਾਰ ੧-ਪਾਉੜੀ ੩੧-੫ ਵਾਰਾਂ ਭਾਈ ਗੁਰਦਾਸ ਜੀ।

ਜਿਨਾਂ ਨੇ, ਜੇ ਅਜੇ ਵੀ ਨਾ ਮੁੜੇ ਤਾਂ ਆਪਣੇ ਲਈ ਗਰਭ ਗਲੇ, ਮਨੂਰ ਹੋ ਸੜੇ, ਜੀਵ ਜੂਨ ਸਰੀਰ ਸੜੇ ਅਤੇ ਸੜਦੇ ਰਹਿਣ ਦਾ ਅਲੇਖ ਮਹਾਂ ਜਮ ਨਰਕ, ਜਿੰਦੇ ਜੀਅ ਹੀ ਕਰਤੇ ਕਾਦਰ ਦੇ ਨਿਆਂ ਕਾਨੂੰਨ ਦਾ ਅਮਿਟ ਅਟੱਲ ਫੈਸਲਾ ਕਰ ਲਿਆ ਹੈ।

**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥** (ਪੰਨਾ 8)

ਇਹ ਹਨ ਗੁਰੂ ਵਲੋਂ ਮੁੜ ਜੀਵਾਏ ਗੁਰਸਿਖ ਕਾਫਲਾ, ਜੋ ਗੁਰਮਤਿ ਸਾਹਿਤ ਉਤੇ ਬਿਪਰਨ ਦੇ ਕੀਤੇ ਹਰ ਵਾਰ ਨੂੰ ਜਾਣਦਾ ਹੈ। ਜਿਸ ਵਲੋਂ ਬਿਪਰਨ ਦੇ ਦਸਮ ਗ੍ਰੰਥ ਵਿਚੋਂ ਗੁਰੂ ਦਸ਼ਮੇਸ਼ ਪਿਤਾ ਦੀ ਬਾਣੀ ਅਤੇ ਪਵਿਤ੍ਰ ਫਰਮਾਨ ਅੰਮ੍ਰਿਤ ਨੂੰ ਬਿਪਰਨ ਦੇ ਜ਼ਹਿਰ ਤੋਂ ਨਖੇੜਨ ਅਤੇ ਕਿਤਾਬ ਰੂਪ ਕਰਕੇ ਸੰਗਤ ਨਾਲ ਸਾਂਝਾ ਕਰਨ ਅਤੇ ਬਾਕੀ ਜਿਮੇ ਕਰਤੇ ਦੇ ਹੁਕਮ ਰਜਾ ਕਾਰਜਾਂ ਦੀ ਪੂਰਤੀ ਲਈ ਗੁਰੂ ਆਸਰੇ ਜੋਰੀਂ ਸ਼ੋਰੀਂ ਅਣਖ ਮੜਕ ਨਾਲ ਤੁਰਨਾਂ ਸ਼ੁਰੂ ਕਰ ਦਿੱਤਾ ਹੈ। ਜਿਸ ਲਈ ਗੁਰੂ ਵਲੋ ਗਿਆਨ ਮਗਰੋਂ **ਨਾਮ** ਪ੍ਰਾਪਤੀ ਦੀ ਗੁਰੂ ਬਖਸ਼ਿਸ਼ ਨੂੰ ਅੱਜ ਕਲਿਜੁਗਿ ਵਿਚ ਸੁਖਾਲਾ ਕੀਤਾ ਹੋਇਆ ਹੈ।

ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾਂ ਪੰਥੁ ਨਿਰਾਲਾ।
ਕਲਿਜੁਗਿ ਨਾਨਕ ਨਾਮੁ ਸੁਖਾਲਾ।। ਵਾਰ ੧-ਪਾਉੜੀ ੩੧-੭,੮ ਵਾਰਾਂ ਭਾਈ ਗੁਰਦਾਸ ਜੀ।

ਇਸ ਐਲਾਨਨਾਮੇ ਦੀ ਕਾਪੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਆਉਂਦੇ ਰਾਹ ਤੇ ਕਿਸੇ ਬੋਰਡ ਵਿਚ ਕਰਨ ਦਾ ਹੁਕਮ ਸਲਾਹ, ਇਹ ਗੁਰਸਿਖ ਕਾਫਲਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜਦਾ ਹੈ। ਯਾਦ ਰੱਖ 'ਪਾਲਣਾਂ' ਤੇਰੇ ਸਿਰ ਪਾਪਾਂ ਦੀ ਪੰਡ ਨੂੰ ਭਾਰੀ ਹੋਣ ਦੀ ਰਫਤਾਰ ਨੂੰ ਹੌਲੀ ਕਰੇਗੀ ਅਤੇ 'ਅਵੱਗਿਆ' ਹੋਰ ਤੇਜ।

**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥** (ਪੰਨਾ 953)

ਗੁਰੂ ਪੰਥ ਦੇ ਦਾਸ

ਨੀਚੋਂ ਅਤਿ ਨੀਚ

ਗੁਰਸਿਖ ਕਾਫਲਾ

www.gursikhkafla.de